**GLA**

## Greater London Authority (GLA) (ਗ੍ਰੇਟਰ ਲੰਡਨ ਅਥਾਰਿਟੀ (ਜੀ ਐਲ ਏ)) ਕੀ ਹੈ?

GLA (ਜੀ ਐਲ ਏ) ਲੰਡਨ ਲਈ ਸਰਕਾਰ ਨਾਲ 'ਜੋੜਦੀ' ਹੈ, ਜੋ ਕਿ ਰਾਜਧਾਨੀ ਦੀਆਂ ਮੌਜੂਦਾ ਅਤੇ ਭਵਿੱਖੀ ਲੋੜਾਂ ਲਈ ਯੋਜਾਨਾਵਾਂ ਕਰਦਾ ਹੈ। ਪੂਰੇ ਸ਼ਹਿਰ ਉਤੇ ਨਜ਼ਰਸ਼ਾਨੀ ਕਰਨ ਲਈ ਇਕ ਪ੍ਰਬੰਧਕੀ ਸੰਸਥਾ ਹੋਣਾ ਮਤਲਬ ਰੱਖਦੀ ਹੈ। GLA (ਜੀ ਐਲ ਏ) ਜ਼ਿੰਮੇਦਾਰ ਹੈ ਯਾਤਾਯਾਤ, ਪੁਲਿਸਿੰਗ, ਅੱਗ ਅਤੇ ਆਪਾਤਕਲੀਨ ਸੇਵਾਵਾਂ, ਆਰਥਿਕ ਵਿਕਾਸ, ਯੋਜਨਾ, ਸਭਿਆਚਾਰ ਅਤੇ ਸਿਹਤ ਲਈ। GLA (ਜੀ ਐਲ ਏ) ਨੂੰ ਬਣਾਉਣ ਵਾਲੇ ਲੋਕਾਂ ਵਿੱਚ ਹਨ ਮੇਅਰ, London Assembly (ਲੰਡਨ ਅਸੈਂਬਲੀ) ਅਤੇ 600 ਤੋਂ ਉਤੇ ਸਹਿਯੋਗੀ ਸਟਾਫ।

## ਮੇਅਰ ਕੀ ਕਰਦਾ ਹੈ?

ਲੰਡਨ ਦਾ ਮੇਅਰ ਰਾਜਧਾਨੀ ਦਾ ਸਪੋਕਸਪਰਸਨ ਹੈ, ਹਰ ਚਾਰ ਸਾਲਾਂ ਵਿੱਚ ਲੰਡਨਅਰਾਂ ਵੱਲੋਂ ਚੁਣਿਆ ਹੋਇਆ। ਮੇਅਰ ਸ਼ਹਿਰ ਦੇ ਸਮਾਜਿਕ, ਵਾਤਾਵਰਣਾਤਮਕ ਅਤੇ ਆਰਥਿਕ ਵਿਕਾਸ ਲਈ ਪਾਲਿਸੀਆਂ ਬਣਾਉਦਾ ਹੈ, - ਪਾਲਿਸੀਆਂ ਹੁਣ ਅਤੇ ਭਵਿੱਖ ਵਿੱਚ ਸ਼ਹਿਰ ਦੇ ਸੁਧਾਰ ਕਰਨ ਲਈ । ਮੇਅਰ Transport for London (TfL) (ਟਰਾਂਸਪੋਟ ਫਾਰ ਲੰਡਨ (ਟੀ ਐਫ ਐਲ)), London Development Agency (LDA) (ਲੰਡਨ ਡਿਵਿਲਪਮੈਂਟ ਏਜੰਸੀ (ਐਲ ਡੀ ਏ)), Metropolitan Police Authority (MPA) (ਮੈਟਰੋਪੋਲਿਟਨ ਪੁਲਿਸ ਅਥਾਰਿਟੀ(ਐਮ ਪੀ ਏ)) ਅਤੇ London Fire & Emergency Planning Authority (LFEPA) (ਲੰਡਨ ਫਾਇਰ ਐਂਡ ਏਮਰਜੈਂਸੀ ਪਲੈਨਿੰਗ ਅਥਾਰਿਟੀ (ਐਲ ਐਫ ਈ ਪੀ ਏ)) ਨਾਲ ਨੇੜੇ ਹੋ ਕਿ ਕੰਮ ਕਰਦਾ ਹੈ ਅਤੇ ਇਹਨਾਂ ਲਈ ਬਜਟ ਨੀਯਤ ਕਰਦਾ ਹੈ।

## London Assembly (ਲੰਡਨ ਅਸੈਂਬਲੀ) ਕੀ ਕਰਦੀ ਹੈ?

London Assembly (ਲੰਡਨ ਅਸੈਂਬਲੀ) ਦਾ ਰੋਲ ਹੈ ਮੇਅਰ ਦੀਆਂ ਤਾਕਤਾਂ ਨੂੰ ਸੰਤੁਲਿਤ ਕਰਨਾ, ਮੇਅਰ ਦੀਆਂ ਗਤੀਵਿਧੀਆਂ, ਫੈਸਲੇ ਅਤੇ ਪਾਲਿਸੀਆਂ ਦੀ ਨੇੜੇ ਤੋਂ ਜਾਂਚ ਕਰਕੇ। ਮਹੀਨੇ ਵਿੱਚ ਇਕ ਵਾਰ, ਉਹ ਮੇਅਰ ਦੇ ਪ੍ਰਸ਼ਨ ਕਾਲ ਦੌਰਾਨ ਮੇਅਰ ਨੂੰ ਜਨਤਾ ਵਿੱਚ ਸੁਆਲ ਕਰਦੀ ਹੈ। ਅਸੈਂਬਲੀ ਲੰਡਨਅਰਾਂ ਦੇ ਅਹਿਮ ਮੁੱਦਿਆਂ ਉਤੇ ਛਾਣਬੀਨ ਕਰਦੀ ਹੈ, ਮੇਅਰ ਕੋਲ ਤਜ਼ਵੀਜ਼ਾਂ ਬਣਾ ਕੇ ਭੇਜ ਕੇ ਅਤੇ ਲੱਭਤਾਂ ਅਤੇ ਸਿਫਾਰਿਸ਼ਾਂ ਨੂੰ ਪ੍ਰਕਾਸ਼ਿਤ ਕਰਕੇ।

## ਹੋਰ ਜਾਣਨਾ ਚਾਹੁੰਦੇ ਹੋ?

GLA (ਜੀ ਐਲ ਏ) ਦੇ ਕੰਮਾਂ ਬਾਰੇ ਹੋਰ ਜਾਣਕਾਰੀ ਲਈ ਲਵੋ :

- ਸਾਡੀਆਂ ਪ੍ਰਕਾਸ਼ਨਾਵਾਂ ਦਾ ਸਾਰਾਂਸ਼ ਪੜ ਕੇ - ਮੰਗ ਉਤੇ ਅਰਬੀ, ਬੰਗਾਲੀ, ਚੀਨੀ, ਗਰੀਕ, ਗੁਜਰਾਤੀ, ਹਿੰਦੀ, ਪੰਜਾਬੀ, ਟਰਕਿਸ਼, ਉਰਦੂ ਅਤੇ ਵਿਅਤਨਾਮੀਂਨ ਵਿੱਚ ਉਪਲਬਧ। ਪੂਰੇ ਦਸਤਾਵੇਜ਼ਾਂ ਦੇ ਅਨੁਵਾਦ ਜਾਂ ਹੋਰ ਭਾਸ਼ਾਵਾ ਵਿੱਚ ਅਨੁਵਾਦ ਨੂੰ ਪ੍ਰਤੀ ਕੇਸ ਦੇ ਆਧਾਰ ਉਤੇ ਵਿਚਾਰਿਆ ਜਾਵੇਗਾ।

- ਸਾਨੂੰ City Hall ਵਿੱਚ ਮਿਲ ਕੇ - ਜੋ ਕਿ ਸੋਮਵਾਰ ਤੋਂ ਸ਼ੁਕਰਵਾਰ ਤਕ, ਸਵੇਰੇ 8 ਵਜ਼ੇ ਤੋਂ ਰਾਤੀ 8 ਵਜ਼ੇ ਤਕ ਖੁਲ੍ਹਾ ਹੈ ਅਤੇ ਓਪਨ ਵੀਕ-ਏਂਡਸ ਉਤੇ।

- ਮੀਟਿੰਗ ਵਿੱਚ ਆ ਕੇ - ਲੋਕਤੰਤਰ ਨੂੰ ਕੰਮ ਕਰਦੇ ਵੇਖਣ ਲਈ, ਭਾਵੇਂ ਉਹ City Hall ਹੋਵੇ ਜਾਂ ਕੋਈ ਬਾਹਰਲਾ ਪ੍ਰੋਗਰਾਮ

**ਸਾਨੂੰ ਸੰਪਰਕ ਕਰੋ**

ਲੰਡਨ ਵਿੱਚ 300 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ਅਤੇ GLA (ਜੀ ਐਲ ਏ) ਸਭ ਦਾ ਸੁਆਗਤ ਕਰਦਾ ਹੈ। ਜੇ ਤੁਸੀਂ ਮੇਅਰ ਦੇ ਕੰਮ, London Assembly (ਲੰਡਨ ਅਸੈਂਬਲੀ), City Hall ਵਿੱਚ ਕਿਵੇ ਆਉਣਾ ਹੈ ਜਾਂ ਸਾਡੀ ਕੋਈ ਮੀਟਿੰਗ ਜਾਂ ਪ੍ਰੋਗਰਾਮ ਵਿੱਚ ਕਿਵੇ ਸ਼ਮੂਲੀਅਤ ਕਰਨੀ ਹੈ, ਇਹਨਾਂ ਬਾਰੇ ਜਾਣਨਾ ਚਾਹੁੰਦੇ ਹੋ, ਤਾਂ ਤੁਸੀਂ ਸਾਨੂੰ ਸੰਪਰਕ ਕਰਕੇ ਜਾਣ ਸਕਦੇ ਹੋ।

ਟੈਲੀਫੋਨ : 020 7983 4100
ਮਿਨਿਕੋਮ : 020 7983 4458
ਫੈਕਸ : 020 7983 4057
ਈ-ਮੇਲ ਕਰੋਂ : mayor@london.gov.uk
ਲਿੱਖੋ : The Public Liaison Unit, Greater London Authority, City Hall, The Queen's Walk, More London, London SE1 2AA